JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

# ਨਾਟ ਵਿਧਾ: ਸਿਧਾਂਤਿਕ ਪਰਿਪੇਖ

**ਡਾ. ਹਰਦੇਵ ਸਿੰਘ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ

ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ, ਹਰਿਆਣਾ

ਸਾਹਿਤ ਦੀ ਹਰ ਵਿਧਾ ਮਨੁੱਖੀ ਸੰਸਕ੍ਰਿਤੀ ਦਾ ਅੰਗ ਹੈ। ਸੰਸਕ੍ਰਿਤੀ ਸੰਕਲਪ ਹੀ ਜੀਵਨ ਦੇ ਸੁਹਜ ਨਾਲ ਸਬੰਧਿਤ ਹੈ। ਇਸ ਕਾਰਨ ਮਨੁੱਖ ਦੀ ਕਰਨੀ ਤੇ ਕਥਨੀ ਵਿਚ ਜਿੱਥੇ ਵੀ ਕੋਈ ਸੁਹਜ, ਸੌਂਦਰਯ ਜਾਂ ਰਸਾਤਮਕਤਾ ਹੈ, ਉੱਥੇ ਵਿਆਪਕ ਸੰਸਕ੍ਰਿਤੀ ਦੀ ਸੰਚਿਤ ਵਸਤੂ ਹੀ ਸਾਹਿਤ ਹੈ। ਸਾਹਿਤ ਲਲਿਤ ਕਲਾਵਾਂ ਨਾਲ ਜੁੜਿਆ ਹੋਇਆ ਹੈ।[1] ਇਸੇ ਲਈ ਸਾਹਿਤ ਜੀਵਨ ਦਾ ਰਸ ਹੈ, ਜਿਊਣ ਦਾ ਮਨੋਰਥ ਹੈ। ਸਾਹਿਤ ਮਨੋਰੰਜਨ ਦਾ ਸਾਧਨ ਮਾਤਰ ਹੀ ਨਹੀਂ, ਸਗੋਂ ਇਸ ਵਿਚ ਧਾਰਮਿਕ, ਸਦਾਚਾਰਕ ਅਤੇ ਉਤਸ਼ਾਹ-ਜਨਕ ਧਾਰਨਾਵਾਂ ਹੁੰਦੀਆਂ ਹਨ। ਸਾਹਿਤ ਸਾਹਿਤਕਾਰਾਂ ਨੂੰ ਬਲ ਬਖ਼ਸ਼ਦਾ, ਯੋਧਿਆਂ ਨੂੰ ਉਤਸ਼ਾਹ ਦਿੰਦਾ ਅਤੇ ਅਸ਼ਾਂਤ ਪੁਰਸ਼ਾਂ ਨੂੰ ਆਤਮਿਕ ਸ਼ਕਤੀ ਪ੍ਰਦਾਨ ਕਰਦਾ ਹੈ।[2] ਕੁਦਰਤ ਦੀ ਇਸ ਸਾਰੀ ਸ੍ਰਿਸ਼ਟੀ ਵਿਚ ਇੱਕ ਮਨੁੱਖ ਹੀ ਗਿਆਨਵਾਨ ਜਾਂ ਬੁੱਧੀਮਾਨ ਰੱਬੀ ਕਿਰਤ ਹੈ। ਭਾਰਤ ਵਿਚ ਨਾਟਕ ਦੀ ਪਰੰਪਰਾ ਆਰਿਆ ਲੋਕਾਂ ਦੇ ਆਉਣ ਤੋਂ ਪਹਿਲਾਂ ਦੀ ਮੰਨੀ ਜਾਂਦੀ ਹੈ। ਹੜੱਪਾ ਅਤੇ ਮੋਹਿੰਜੋਦੜੋ ਦੀ ਖ਼ੁਦਾਈ ਤੋਂ ਸਿੱਧ ਹੁੰਦਾ ਹੈ, ਕਿ ਅੱਜ ਤੋਂ ਪੰਜ ਕੁ ਹਜ਼ਾਰ ਸਾਲ ਪਹਿਲਾਂ ਭਾਰਤ ਦੀ ਇਸ ਇਤਿਹਾਸਿਕ ਧਰਤੀ ਤੇ ਨਾਚ ਪ੍ਰਚਲਿਤ ਸਨ। ਸਿੰਧੂ ਘਾਟੀ ਦੇ ਵਸਨੀਕ ਨਾਚ ਗਾਣੇ ਅਤੇ ਨਾਟਕ ਤੋਂ ਚੰਗੀ ਤਰ੍ਹਾਂ ਜਾਣੂ ਸਨ। ਜਿਸ ਸਮੇਂ ਵਿਚ ਆਰਿਆ ਲੋਕ ਭਾਰਤ ਵਿਚ ਆਏ, ਉਸ ਸਮੇਂ ਭਾਰਤ ਵਿਚ ਸੁਦੇਸ਼ੀ ਨਾਟਕੀ ਪਰੰਪਰਾ ਪ੍ਰਚਲਿਤ ਸੀ। ਉਨ੍ਹਾਂ (ਆਰਿਆ) ਦੀਆਂ ਉਸਾਰੀਆਂ ਹੋਈਆਂ ਲੀਹਾਂ ਤੇ ਹੀ ਸੰਸਕ੍ਰਿਤ ਨਾਟਕ ਦੀ ਉਸਾਰੀ ਹੋਈ। ਸੰਸਕ੍ਰਿਤ ਨਾਟਕ ਦਾ ਵਿਕਾਸ ਪੂਰੀ ਤਰ੍ਹਾਂ ਹੜੱਪਾ ਸਭਿਅਤਾ ਨਾਲ ਸਬੰਧਿਤ ਹੈ।[3]

ਨਾਟਕ ਇੱਕ ਅਜਿਹਾ ਸਾਹਿਤ ਰੂਪ ਹੈ, ਜਿਹੜਾ ਦੂਸਰੀਆਂ ਸਾਹਿਤਕ ਵਿਧਾਵਾਂ ਦੇ ਨਾਲ ਸਾਂਝ ਹੋਣ ਦੇ ਬਾਵਜੂਦ ਰੰਗਮੰਚ ਦੇ ਪੱਖੋਂ ਵੱਖਰਤਾ ਦਾ ਧਾਰਨੀ ਹੈ।ਸਾਹਿਤ ਦੀਆਂ ਵਿਭਿੰਨ ਵੰਨਗੀਆਂ ਵਿਚੋਂ ਨਾਟਕ ਇੱਕ ਅਜਿਹੀ ਵੰਨਗੀ ਹੈ ਜਿਹੜੀ ਸੁਤੰਤਰ ਤੇ ਸੰਪੂਰਨ ਵੰਨਗੀ ਹੈ, ਅਤੇ ਇਹ ਇੱਕ ਪਾਸੇ ਸਾਹਿਤ ਕਲਾ ਅਤੇ ਦੂਸਰੇ ਪਾਸੇ ਪ੍ਰਦਰਸ਼ਨੀ ਕਲਾ ਦੇ ਸੁਮੇਲ ਨੂੰ ਪ੍ਰਗਟ ਕਰਦੀ ਹੈ। ਮਿਸ਼ਰਤ ਕਲਾ ਹੋਣ ਕਰ ਕੇ ਇਸ ਵਿਚ ਹਾਵ-ਭਾਵ ਲਿਬਾਸ ਅਤੇ ਭਾਸ਼ਾ ਨਾਲ ਕਿਸੇ ਘਟਨਾ ਨੂੰ ਦਰਸ਼ਕਾਂ ਸਾਹਮਣੇ ਪ੍ਰਤੱਖ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਨਾਟਕ ਦੇ ਲਿਖਤ ਪਾਠ ਅਤੇ ਇਸ ਦੇ ਪ੍ਰਦਰਸ਼ਨ ਦਾ ਸੁਭਾਅ ਆਪਣੀ ਵਸਤੂ ਸਮਗਰੀ ਕਰ ਕੇ ਭਿੰਨ-ਭਿੰਨ ਹੁੰਦਾ ਹੈ। ਨਾਟਕ ਦੇ ਲਿਖਤ ਪਾਠ ਵਿਚ ਨਾਟ-ਨਿਰਦੇਸ਼ਕ ਪਾਤਰ ਅਤੇ ਕਾਲਪਨਿਕ ਘਟਨਾਵਾਂ ਦੀ ਤਰਤੀਬ ਪੇਸ਼ ਕੀਤੀ ਜਾਂਦੀ ਹੈ, ਉੱਥੇ ਦੂਸਰੇ ਬੰਨ੍ਹੇ ਪ੍ਰਦਰਸ਼ਨੀ ਪਾਠ ਵਿਚ ਬੋਲ, ਐਕਟਰ, ਗਤੀਵਿਧੀਆਂ ਅਤੇ ਘਟਨਾਵਾਂ ਦਾ ਸਾਕਾਰ ਰੂਪ ਪੇਸ਼ ਕੀਤਾ ਗਿਆ ਹੁੰਦਾ ਹੈ।

ਨਾਟਕ ਸ਼ਬਦ ਪੰਜਾਬੀ ਤੇ ਹਿੰਦੀ ਵਿਚ ਆਮ ਪ੍ਰਚਲਿਤ ਸ਼ਬਦ ਹੈ। ਅੰਗਰੇਜ਼ੀ ਵਿਚ ਨਾਟਕ ਵਾਸਤੇ 'ਡਰਾਮਾ' ਜਾਂ 'ਪਲੇ' ਸ਼ਬਦ ਨਿਸ਼ਚਿਤ ਹੈ। ਸਾਹਿਤ ਅਤੇ ਕਲਾ ਦੀ ਪਰੰਪਰਾ ਵਿਚ ਨਾਟਕ ਕੋਈ ਨਵੀਨ ਰੂਪ ਨਹੀਂ, ਸਗੋਂ ਪ੍ਰਾਚੀਨ ਸਮੇਂ ਤੋਂ ਹੀ ਪ੍ਰਚਲਿਤ ਰਿਹਾ ਹੈ। ਭਾਰਤੀ ਨਾਟਕ ਕਲਾ ਦੇ ਮੁੱਢ ਬਾਰੇ ਮੁੱਖ ਰੂਪ ਵਿਚ ਦੋ ਮੱਤ ਪ੍ਰਚੱਲਿਤ ਹਨ। ਇੱਕ ਮੱਤ ਅਨੁਸਾਰ ਨਾਟਕ ਦਾ ਆਰੰਭ ਮੰਦਿਰ ਵਿਚ

ਦੇਵਤਿਆਂ ਨੂੰ ਰੁਝਾਨ ਹਿੱਤ ਨ੍ਰਿਤ ਤੋਂ ਹੋਇਆ ਹੈ, ਤੇ ਦੂਜੇ ਮੱਤ ਅਨੁਸਾਰ ਇਹ ਇੱਕ ਲੋਕ ਰੁਚੀ ਦਾ ਵਿਕਾਸ ਤੇ ਵਿਸਤਾਰ ਹੈ। ਨਾਟ ਦੇ ਵਿਕਾਸ ਦੇ ਮੁੱਢਲੇ ਪੜਾਅ ਉਲੀਕਣੇ ਹੋਣ, ਤਾਂ ਇਹ ਨਿਸ਼ਚਿਤ ਹੈ ਕੀ ਨਾਟਕ ਦਾ ਮੁੱਢ ਸਾਡੇ ਪੁਰਾਤਨ ਨਾਚਾਂ ਨਾਲ ਪੂਰੀ ਤਰ੍ਹਾਂ ਨਾਲ ਸਬੰਧਿਤ ਹੈ। ਡਾ.ਮੁਲਕ ਰਾਜ ਆਨੰਦ ਉੱਪਰਲੇ ਕਥਨ ਦੀ ਪੁਸ਼ਟੀ ਇਸ ਤਰਾਂ ਕਰਦਾ ਹੈ-

> "ਅਸੀਂ ਪੂਰੀ ਤਰਾਂ ਨਹੀਂ ਜਾਣਦੇ ਕੀ ਮਨੁੱਖ ਦੇ ਉੱਨਤੀ ਦੇ ਕਿਸ ਪੜਾਅ ਉੱਤੇ ਨਾਟਕੀ ਕ੍ਰਿਤ ਸੁਚੇਤ ਨਾਟਕ ਦੇ ਰੂਪ ਵਿਚ ਪ੍ਰਗਟ ਹੋਈ। ਪਰ ਇਹ ਗੱਲ ਬਹੁਤ ਹੱਦ ਤਕ ਨਿਸ਼ਚਿਤ ਹੈ ਕੀ ਇਹ ਵੱਡਾ ਜ਼ਰੂਰੀ ਕਦਮ ਸਭਿਅਕ ਉੱਨਤੀ ਵੱਲ ਚੁੱਕਿਆ ਗਿਆ ਹੋਵੇਗਾ। ਜਦੋਂ ਸਾਡੇ ਆਦਿ ਬਜ਼ੁਰਗ ਇਕੱਲੇ ਜਾਂ ਇਕੱਠੇ ਹੋ ਕੇ ਨੱਚਣ ਲੱਗੇ ਹੋਣਗੇ, ਆਪਣੀਆਂ ਚੀਕਾਂ, ਪੁਕਾਰਾਂ, ਤਾੜੀਆਂ ਤੇ ਤਾਲ ਉੱਤੇ, ਕਿਉਂਕਿ ਉਹੀ ਲੋਕ ਅਜੇ ਤੱਕ ਬੋਲ ਜਾਂ ਗਾ ਨਹੀਂ ਸਨ ਸਕਦੇ।ਇਸ ਗੱਲ ਦੀ ਪੁਸ਼ਟੀ ਹੜੱਪਾ ਅਤੇ ਮਹਿੰਜੋਦੜੋ ਦੀ ਖ਼ੁਦਾਈ ਤੋਂ ਲੱਭੀਆਂ ਨੱਚਣ ਦੀਆਂ ਮੂਰਤੀਆਂ ਤੋਂ ਭਲੀ-ਭਾਂਤ ਹੁੰਦੀ ਹੈ ਕੀ ਉਸ ਕਾਲ ਵਿਚ ਲੋਕਾਂ ਨੇ ਨ੍ਰਿਤ ਕਲਾ ਵਿਚ ਕਾਫ਼ੀ ਪਰਿਪੱਕਤਾ ਪ੍ਰਾਪਤ ਕੀਤੀ ਹੋਈ ਸੀ।"[4]

ਭਾਰਤ ਵਿਚ ਨਾਟਕ ਦਾ ਇਤਿਹਾਸ ਉਨ੍ਹਾਂ ਹੀ ਪੁਰਾਣਾ ਦੱਸਿਆ ਜਾਂਦਾ ਹੈ ਜਿਨ੍ਹਾਂ ਕਿ ਵੇਦ ਅਤੇ ਦੁਨੀਆ ਦੇ ਵਿੱਦਿਅਕ ਖੇਤਰ ਦੀਆਂ ਸਭ ਤੋਂ ਪੁਰਾਣੀਆਂ ਕਿਤਾਬਾਂ ਆਖੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਰਚਨਾ ਮਸੀਹ ਤੋਂ ਕੋਈ ਅਠਾਰਾਂ ਸੌ ਸਾਲ ਪਹਿਲਾਂ ਦੀ ਦੱਸੀ ਜਾਂਦੀ ਹੈ। ਨਾਟਕ ਦੀ ਉਤਪਤੀ ਸਬੰਧੀ ਵਿਸ਼ਵ ਵਿਚ ਦੋ ਮਹਾਨ ਨਾਟ ਪਰੰਪਰਾਵਾਂ, ਭਾਰਤੀ ਨਾਟ ਪਰੰਪਰਾ(ਸੰਸਕ੍ਰਿਤ)ਅਤੇ ਪੱਛਮੀ ਨਾਟ ਪਰੰਪਰਾ(ਯੂਨਾਨੀ ਨਾਟ ਪਰੰਪਰਾ)ਇੱਕ ਦੂਸਰੇ ਦੇ ਸਮਵਿੱਥ ਹਨ। ਭਾਰਤੀ ਨਾਟ ਪਰੰਪਰਾ ਦਾ ਆਧਾਰ ਭਰਤ ਮੁਨੀ ਦਾ ਪਸ੍ਰਿਧ ਗ੍ਰੰਥ 'ਨਾਟਯ ਸ਼ਾਸਤਰ' ਹੈ। ਜਦ ਕਿ ਪੱਛਮੀ ਨਾਟ ਪਰੰਪਰਾ ਦਾ ਜਨਮ ਅਰਸਤੂ ਤੋਂ ਮੰਨਿਆ ਜਾਂਦਾ ਹੈ। ਨਾਟਕ ਕਲਾ ਸਿਰਜਣਾਤਮਿਕ ਕਲਾ ਦਾ ਉਹ ਰੂਪ ਹੈ, ਜਿਸ ਵਿਚ ਸੰਵਾਦ-ਮੁਲਕ ਕਥਾ ਨੂੰ ਅਭਿਨੇਤਾ ਰਾਹੀਂ ਰੰਗ-ਮੰਚੀ ਸ਼ਿਲਪਾਂ ਦੀ ਸਹਾਇਤਾ ਨਾਲ ਰੰਗਮੰਚ ਉੱਤੇ ਦਰਸ਼ਕਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਨਾਟਕ  ਨਕਲ ਤੇ ਅਨੁਕਰਨ ਦਾ ਸੁਮੇਲ ਹੈ, ਨਾਟਕ ਨਾਟਕਕਾਰ ਦੀ ਖ਼ਾਸ ਭਾਂਤ ਦੀ ਸਿਰਜੀ ਨਾਟਕੀ ਸਥਿਤੀ ਵਿਚ ਵਿਚਰ ਰਹੇ ਖ਼ਾਸ ਭਾਂਤ ਦੇ ਬੰਦਿਆਂ ਦੀ ਜ਼ਿੰਦਗੀ ਦੀ ਕਲਾਤਮਿਕ ਮੰਚੀ ਐਸੀ ਨਕਲ ਹੈ, ਜੋ ਜੀਵਨ ਨਾਲੋਂ ਕਈ ਗੁਣਾ ਵੱਧ ਸੰਪੂਰਨ ਤੇ ਮਹੱਤਵਪੂਰਨ ਹੁੰਦੀ ਹੈ। ਇਹ ਜ਼ਿੰਦਗੀ ਦਾ ਝੌਲਾ ਪਾਉਂਦੀ ਹੋਈ ਵੀ ਜ਼ਿੰਦਗੀ ਨਹੀਂ ਹੈ।[5] 'ਨਾਟਯ ਸ਼ਾਸਤਰ' ਦੇ ਕਰਤਾ ਭਰਤ ਮੁਨੀ ਦਾ ਨਾਟਕ ਬਾਰੇ ਵਿਚਾਰ ਹੈ ਕਿ:

> "ਨਾਟਕ ਲੋਕਾਂ ਦੀਆਂ ਬਿਰਤੀਆਂ ਤੇ ਸੰਸਕਾਰਾਂ ਭਾਵ ਮਨੁੱਖ ਦੇ ਵਿਵਹਾਰਾਂ ਦਾ ਅਨੁਕਰਨ ਹੈ।"[6]

ਇਸ ਕਥਨ ਅਨੁਸਾਰ ਨਾਟਕ ਮਨੁੱਖੀ ਜੀਵਨ ਦੇ ਸਾਰੇ ਪੱਖਾਂ ਨਾਲ ਸਬੰਧਿਤ ਹੈ। ਜਿਸ ਵਿਚ ਮਨੁੱਖ ਦੀਆਂ ਆਦਤਾਂ, ਰਸਮ-ਰਿਵਾਜ, ਰਿਸ਼ਤੇ-ਨਾਤੇ ਸਮੱਰਥਾਵਾਂ ਆ ਜਾਂਦੀਆਂ ਹਨ। ਨਾਟਕ ਦੀ ਇਹ ਪਰਿਭਾਸ਼ਾ ਮਨੁੱਖ ਨੂੰ ਸਮੁੱਚੀ ਜ਼ਿੰਦਗੀ ਨਾਲ ਜੋੜ ਦਿੰਦੀ ਹੈ। ਇਸ ਨਾਲ ਹੀ ਮਿਲਦੀ ਪਰਿਭਾਸ਼ਾ ਅਰਸਤੂ ਨੇ ਦਿੱਤੀ ਹੈ। ਅਰਸਤੂ ਨਾਟਕ ਨੂੰ ਮਨੁੱਖੀ ਜ਼ਿੰਦਗੀ ਦਾ ਅਨੁਕਰਨ ਕਹਿੰਦਾ ਹੈ। ਕਾਵਿ ਸ਼ਾਸਤਰ ਵਿਚ ਅਰਸਤੂ ਦਾ ਕਥਨ ਹੈ:

> "ਨਕਲ ਕਰਨਾ ਮਨੁੱਖ ਦਾ ਬਚਪਨ ਤੋਂ ਹੀ ਸੁਭਾਵਿਕ ਲੱਛਣ ਹੈ।ਸ੍ਰਿਸ਼ਟੀ ਵਿਚ ਜਿਤਨੇ ਵੀ ਜੀਵ ਹਨ, ਉਨ੍ਹਾਂ ਵਿਚੋਂ ਸਭ ਤੋਂ ਵੱਡਾ ਅਨੁਕਾਰੀ ਮਨੁੱਖ ਹੀ ਹੈ। ਇਸ ਦਾ ਇਹ ਮੂਲ ਸੁਭਾਅ ਹੈ।ਉਸ ਦੀ ਮੁੱਢਲੀ ਸਿੱਖਿਆ ਵੀ ਅਨੁਕਰਨ ਹੈ। ਅਨੁਕਰਨ ਦੀਆਂ ਵਿਧਾਵਾਂ ਸਵਾਦਲੀਆਂ ਹੁੰਦੀਆਂ ਹਨ, ਭਾਵੇਂ ਪਾਤਰ ਜਾਂ ਵਸਤਾਂ ਵੇਖਣ ਵਿਚ ਦੁਖਦਾਇਕ ਹੋਣ, ਪਰ ਇਨ੍ਹਾਂ ਦੀ ਕਲਾ ਦੁਆਰਾ ਅਤਿ ਦੀ ਪਦਾਰਥਕ ਨਕਲ ਅਨੰਦ-ਦਾਇਕ ਹੁੰਦੀ ਹੈ।[7]

ਅਰਸਤੂ ਨੇ ਨਾਟਕ ਨੂੰ ਅਨੁਕਰਨ ਨਾਲ ਜੋੜਦਿਆਂ, ਇਸ ਤੋਂ ਪ੍ਰਾਪਤ ਅਨੰਦ ਦਾ ਵੀ ਜ਼ਿਕਰ ਕੀਤਾ ਹੈ। ਉਸ ਅਨੁਸਾਰ ਨਾਟਕ ਇੱਕ ਅਜਿਹੀ ਨਕਲ ਹੈ, ਜਿਸ ਨੂੰ ਮਨੁੱਖ ਬਚਪਨ ਤੋਂ ਸਿੱਖਦਾ ਹੈ। ਇਹ ਮਨੁੱਖੀ ਜੀਵਨ ਦੇ ਸਾਰੇ ਹੀ ਪੱਖਾਂ ਨਾਲ ਸਬੰਧਿਤ ਹੈ। ਨੌਰਾ ਰਿਚਰਡਜ਼ ਨਾਟਕ ਨੂੰ ਪਰਿਭਾਸ਼ਿਤ ਕਰਦਿਆਂ ਲਿਖਦੀ ਹੈ:

> "ਨਾਟਕੀ ਹੁਨਰ ਹੀ ਸਭ ਤੋਂ ਉੱਚੀ ਸਭਿਆਚਾਰਕ ਸਿੱਖਿਆ ਹੈ, ਜਿਹੜੀ ਕੌਮਾਂ ਦੇ ਅੱਗੇ ਵਧਣ ਵਿਚ ਸਹਾਈ ਹੁੰਦੀ ਹੈ।"[8]

ਨੋਰਾ ਰਿਚਰਡਜ਼ ਨਾਟਕ ਦੀ ਸਮਾਜ ਵਿਚ ਸਾਰਥਿਕਤਾ ਨੂੰ ਆਧਾਰ ਬਣਾ ਕੇ ਪਰਿਭਾਸ਼ਿਤ ਕਰਦੀ ਹੈ। ਨਾਟਕ ਇੱਕ ਉੱਚ ਸਭਿਆਚਾਰਕ ਸਿੱਖਿਆ ਹੈ, ਜੋ ਕੌਮ ਦੀ ਉੱਨਤੀ ਅਤੇ ਵਿਕਾਸ ਵਿਚ ਸਹਾਈ ਹੁੰਦਾ ਹੈ। ਕਹਿਣ ਦਾ ਭਾਵ ਇਹ ਹੈ, ਕਿ ਨਾਟਕ ਰਾਹੀਂ ਹੀ ਅਮਲੀ ਸਿੱਖਿਆ ਦਿੱਤੀ ਜਾ ਸਕਦੀ ਹੈ। ਗੁਰਦਿਆਲ ਸਿੰਘ ਫੁੱਲ ਕਹਿੰਦਾ ਹੈ :

> "ਅਸਲ 'ਚ ਤਾਂ ਮਨੁੱਖ ਨੂੰ ਅਦਭੁਤ ਸ਼ਕਤੀਆਂ, ਕੁਦਰਤੀ ਸ਼ਕਤੀਆਂ ਜਿਹੜੀਆਂ ਉਸ ਨੂੰ ਉਸਾਰਦੀਆਂ ਤੇ ਛੁਟਿਆਉਂਦੀਆਂ ਹਨ, ਨਾਲ ਘੋਲ ਕਰਦਿਆਂ ਵਿਖਾਉਣਾ ਹੈ, ਨਾਟਕ ਦਾ ਤੱਤ ਘੋਲ ਹੈ, ਵਿਰੋਧੀ ਟੱਕਰ ਹੈ, ਸੰਘਰਸ਼ ਹੈ, ਇਹ ਘੋਲ ਕਈ ਭਾਂਤ ਦਾ ਹੋ ਸਕਦਾ ਹੈ।"[9]

ਇਨ੍ਹਾਂ ਪਰਿਭਾਸ਼ਾਵਾਂ ਦੇ ਵਿਸ਼ਲੇਸ਼ਣ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਨਾਟਕ ਇੱਕ ਸਮੂਹਿਕ ਕਲਾ ਹੈ, ਇਹ ਸਮਕਾਲੀ ਜੀਵਨ ਦੇ ਵਰਤਮਾਨ ਵਿਚ ਰਹਿ ਕੇ ਜਿਉਂਦਾ ਹੈ। ਇਸ ਲਈ ਸਮਕਾਲੀ ਜੀਵਨ ਵਿਚ ਆਏ ਪਰਿਵਰਤਨ ਨਾਲ ਨਾਟਕ ਦੀ ਪਰਿਭਾਸ਼ਾ ਵਿਚ ਕਈ ਪੱਖਾਂ ਤੋਂ ਅੰਤਰ ਆਉਂਦਾ ਰਿਹਾ ਹੈ, ਜਿਸ ਸਮੇਂ ਮੁਗ਼ਲਾਂ ਨੇ ਭਾਰਤ ਤੇ ਰਾਜ ਸਥਾਪਿਤ ਕੀਤਾ, ਉਸ ਸਮੇਂ ਨਾਟਕ ਨੂੰ ਬਹੁਤ ਵੱਡਾ ਧੱਕਾ ਲੱਗਿਆ। ਮੁਗ਼ਲਾਂ ਨੇ ਨਾਟਕ ਕਲਾ ਨੂੰ ਬਹੁਤਾ ਸਥਾਨ ਨਾ ਦਿੱਤਾ। ਇਸ ਲਈ ਨਾਟਕ ਕਲਾ ਬਹੁਤ ਕਮਜ਼ੋਰ ਹੋ ਗਈ। ਪਰ ਭਾਰਤੀ ਨਾਟਕ ਕਲਾ ਦੀ ਫਿਰ ਤੋਂ ਆਧੁਨਿਕ ਸਰੂਪ ਵਿਚ ਸਿਰਜਣਾ ਅੰਗਰੇਜ਼ਾਂ ਦੇ ਭਾਰਤ ਤੇ ਕਾਬਜ਼ ਹੋਣ ਨਾਲ ਹੋਈ। ਜਿਸ ਕਰ ਕੇ ਭਾਰਤੀ ਨਾਟਕ ਕਲਾ ਅਤੇ ਬਣਤਰ ਦੇ ਨਵੇਂ ਰੂਪ ਉੱਭਰ ਕੇ ਆਏ, ਅੰਗਰੇਜ਼ ਭਾਵੇਂ ਆਪਣੀ ਨਿੱਜੀ ਹਿwਤਾਂ ਦੀ ਪ੍ਰਾਪਤੀ ਕਾਰਨ ਭਾਰਤ ਆਏ ਸਨ, ਪਰ ਉਨ੍ਹਾਂ ਨੇ ਭਾਰਤੀ ਵਿਵਸਥਾ ਵਿਚ ਜੋ ਸੁਧਾਰ ਕੀਤਾ, ਉਸ ਨਾਲ ਭਾਰਤੀ ਸਮਾਜ ਦਾ ਢਾਂਚਾ ਹੀ ਬਦਲ ਗਿਆ। ਇਸ ਤਰ੍ਹਾਂ ਭਾਰਤੀ ਸਾਹਿਤ ਅਤੇ ਨਾਟਕੀ ਬਣਤਰ ਤੇ ਅਸਰ ਪੈਣਾ ਲਾਜ਼ਮੀ ਸੀ। ਇਸ ਦੌਰਾਨ ਨਾਟਕ ਨੇ ਨਵਾਂ ਰੂਪ ਧਾਰਨ ਕੀਤਾ ਅਤੇ ਭਾਰਤੀ ਨਾਟਕ ਪਰੰਪਰਾ ਨੂੰ ਭੁੱਲ, ਨਾਟਕੀ ਤੱਤ ਨਵੇਂ ਰੂਪ ਵਿਚ ਪੈਦਾ ਹੋਏ, ਜੋ ਪੱਛਮੀ ਨਾਟਕੀ ਪ੍ਰਭਾਵ ਅਧੀਨ ਹਨ, ਇਨ੍ਹਾਂ ਤੱਤਾਂ ਦਾ ਵਰਣਨ ਇਸ ਤਰ੍ਹਾਂ ਹੈ।

1. ਵਿਸ਼ਾ 2. ਪਲਾਟ 3. ਪਾਤਰ ਅਤੇ ਪਾਤਰ ਉਸਾਰੀ

4. ਵਾਤਾਵਰਨ 5. ਵਾਰਤਾਲਾਪ 6. ਭਾਸ਼ਾ-ਸ਼ੈਲੀ

**ਵਿਸ਼ਾ**

ਵਿਸ਼ਾ-ਵਸਤੂ ਨਾਟਕ ਦਾ ਪਹਿਲਾ ਅਤੇ ਮਹੱਤਵਪੂਰਨ ਤੱਤ ਹੈ। ਇੱਕ ਨਾਟਕਕਾਰ ਦੀ ਸੋਚ ਦਾ ਪੱਧਰ ਸਧਾਰਨ ਮਨੁੱਖ ਤੋਂ ਜ਼ਿਆਦਾ ਵਿਕਸਤ ਹੁੰਦਾ ਹੈ। ਉਸ ਦਾ ਜੀਵਨ ਅਨੁਭਵ ਭਾਸ਼ਾ ਰਾਹੀਂ ਪੇਸ਼ ਹੁੰਦਾ ਹੋਇਆ ਵਿਚਾਰ ਬਣ ਜਾਂਦਾ ਹੈ। ਇੱਕ ਨਾਟਕਕਾਰ ਵਿਸ਼ੇ ਦੀ ਚੋਣ ਆਪਣੇ ਜੀਵਨ, ਸਮਾਜ, ਇਤਿਹਾਸ, ਸਭਿਆਚਾਰ, ਰਾਜਨੀਤੀ ਅਤੇ ਕਈ ਵਾਰ ਕਲਪਨਾ ਵਿਚੋਂ ਵੀ ਕਰਦਾ ਹੈ। ਨਾਟਕਕਾਰ ਕਈ ਵਾਰ ਕਿਸੇ ਨਾ ਕਿਸੇ ਵਾਦ ਨਾਲ ਜੁੜਿਆ ਹੁੰਦਾ ਹੈ ਅਤੇ ਉਸ ਵਾਦ ਦੀ ਵਿਚਾਰਧਾਰਾ ਦੇ ਅੰਤਰਗਤ ਨਾਟਕ ਦੀ ਸਿਰਜਣਾ ਕਰਦਾ ਹੈ। ਨਾਟਕਕਾਰ ਨਾਟ ਰਚਨਾ ਕਰਦੇ ਸਮੇਂ ਪਹਿਲਾਂ ਸੋਚੇ ਹੋਏ ਅਨੁਸਾਰ ਨਾਟਕ ਦੀ ਉਸਾਰੀ ਨਹੀਂ ਕਰ ਸਕਦਾ, ਸਮੇਂ ਤੇ ਸਥਾਨ ਬਦਲਣ ਨਾਲ ਵਾਤਾਵਰਨ ਅਤੇ ਹਲਾਤਾਂ ਵਿਚ ਅੰਤਰ ਆ ਜਾਣ ਕਾਰਨ ਨਾਟਕੀ ਵਿਸ਼ਾ ਵੀ ਪ੍ਰਭਾਵਿਤ ਹੁੰਦਾ ਹੈ ਅਤੇ ਹੋਰ ਬਹੁਤ ਸਾਰੇ ਵਿਸ਼ੇ ਉਤਪੰਨ ਹੋ ਜਾਂਦੇ ਹਨ, ਜੋ ਮੁੱਖ ਵਿਸ਼ੇ ਦੇ ਨਾਲ ਚੱਲਦੇ ਹਨ।

ੳ. ਮੁੱਖ ਵਿਸ਼ਾ

ਅ. ਉਪ ਵਿਸ਼ਾ

ਮੁੱਖ ਵਿਸ਼ਾ ਕੇਂਦਰੀ ਵਿਸ਼ਾ ਹੁੰਦਾ ਹੈ।ਜਿਹੜੇ ਹੋਰ ਵਿਸ਼ੇ ਅਪਣਾਏ ਗਏ ਹੁੰਦੇ ਹਨ ਉਨ੍ਹਾਂ ਨੂੰ ਉਪ ਵਿਸ਼ਾ ਕਿਹਾ ਜਾਂਦਾ ਹੈ। ਆਮ ਤੌਰ ਤੇ ਮੁੱਖ ਵਿਸ਼ਾ ਇੱਕ ਤੇ ਉਪ-ਵਿਸ਼ੇ ਇੱਕ ਤੋਂ ਵਧੇਰੇ ਹੁੰਦੇ ਹਨ। ਨਾਟਕਕਾਰ ਆਪਣੇ ਨਾਟਕਾਂ ਵਾਸਤੇ ਕਈ ਤਰ੍ਹਾਂ ਦੇ ਵਿਸ਼ੇ ਅਤੇ ਉਪ-ਵਿਸ਼ੇ ਅਪਣਾਉਂਦਾ ਹੈ। ਇੱਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਅਤੇ ਸਮਾਜ ਵਿਚ ਰਹਿੰਦਿਆਂ ਲੇਖਕ ਜਿਸ ਤਰਾਂ ਦੀਆਂ ਸਮੱਸਿਆਵਾਂ ਨਾਲ ਜੂਝਦਾ ਹੈ, ਉਸ ਨੂੰ ਆਪਣੀ ਲਿਖਤ ਵਿਚ ਢਾਲਦਾ ਹੈ,

**ਪਲਾਟ**

ਪਲਾਟ ਦੂਜੇ ਸਾਹਿਤਕ ਰੂਪਾਂ ਦੀ ਤਰ੍ਹਾਂ ਨਾਟਕ ਵਿਚ ਵੀ ਪ੍ਰਮੁੱਖ ਤੱਤ ਹੈ। ਪਲਾਟ ਨਿਰੀ ਕਹਾਣੀ ਦਾ ਨਾਂ ਹੀ ਨਹੀਂ, ਸਗੋਂ ਇਸ ਵਿਚ ਕਹਾਣੀ ਦੀ ਗੋਂਦ ਆਦਿ ਬਹੁਤ ਕੁੱਝ ਸ਼ਾਮਿਲ ਹੁੰਦਾ ਹੈ। ਘਟਨਾਵਾਂ ਦਾ ਕਰਮ ਤੇ ਉਨ੍ਹਾਂ ਦੀ ਵਿਓਤਮਈ ਬਣਤਰ ਹੀ ਗੋਂਦ ਨੂੰ ਸਿਰਜਦੀ ਹੈ। ਨਾਟਕ ਵਿਚ ਘਟਨਾਵਾਂ ਦੀ ਸਹਿਜ ਢੰਗ ਨਾਲ ਪੇਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਗੋਂਦ ਕਿਉਂਕਿ ਸੰਵਾਦ ਰਾਹੀਂ ਸਿਰਜੀ ਜਾਂਦੀ ਹੈ, ਇਸ ਲਈ ਹਰ ਨਾਟਕ ਦਾ ਢੰਗ ਵੀ ਵੱਖ-ਵੱਖ ਹੋ ਜਾਂਦਾ ਹੈ। ਨਵਨਿੰਦਰਾ ਬਹਿਲ ਦੇ ਪਲਾਟ ਬਾਰੇ ਵਿਚਾਰ ਹਨ:

> "ਨਾਟਕ ਦੀ ਬਣਤਰ ਦਾ ਭਾਵ ਵੀ ਇਹ ਹੈ ਕਿ ਨਾਟਕ ਦੇ ਕਾਰਜ ਨੂੰ ਇੱਕ ਲੜੀ ਜਾਂ ਸੂਤਰ ਵਿਚ ਪਰੋਣ ਦਾ ਪ੍ਰਯਤਨ ਕਰਨਾ। ਯੂਨਾਨੀ ਨਾਟਕਾਂ ਦਾ ਪਲਾਟ ਗੁੰਦਵਾਂ, ਸਰਲ ਤੇ ਸਾਦਾ ਹੁੰਦਾ ਸੀ। ਰੋਮਨ ਸੁਖਾਂਤ ਵਿਚ ਇਸ ਦਾ ਰੂਪ ਕੁੱਝ ਘੱਟ ਗੁੰਦਵਾਂ ਤੇ ਢਿੱਲਾ ਹੋ ਗਿਆ, ਮੱਧਕਾਲ ਦੇ ਧਾਰਮਿਕ ਨਾਟਕਾਂ ਵਿਚ ਹੋਰ ਢਿੱਲਾਪਣ ਆ ਗਿਆ।ਸ਼ੈਕਸਪੀਅਰ ਤੇ ਅਲੀਜ਼ਾਬੈਥਨ ਦੇ ਸਮੇਂ ਵਿਚ ਗੁੰਝਲਦਾਰ ਪਲਾਟ ਦਾ ਮਹੱਤਵ ਵਧਿਆ।"[10]

ਨਾਟਕ ਦੀ ਵਧੀਆ ਕਿਸਮ ਵਿਚ ਪਲਾਟ ਦਾ ਮਹੱਤਵ ਅਰਥ ਪ੍ਰਦਾਨ ਕਰਨ ਵਿਚ ਹੈ ਅਤੇ ਇਸ ਪ੍ਰਕਿਰਿਆ ਵਿਚ ਪਲਾਟ ਦੇ ਪਾਤਰ ਬਰਾਬਰ ਚੱਲਦੇ ਹਨ। ਕਿਸੇ ਵੀ ਨਾਟਕ ਵਿਚ ਪਹਿਲਾਂ ਕਹਾਣੀ ਦਾ ਆਰੰਭ ਹੁੰਦਾ ਹੈ ਅਤੇ ਦੋ ਵਿਰੋਧੀ ਧਿਰਾਂ ਪ੍ਰਵੇਸ਼ ਕਰਦੀਆਂ ਹਨ। ਫਿਰ ਧਿਰਾਂ ਵਿਚ ਖਿੱਚੋਤਾਣ ਕਾਰਨ ਕਹਾਣੀ ਵਿਕਾਸ ਕਰਦੀ ਹੈ। ਇਹ ਗੁੰਝਲ ਫਿਰ ਪੀਡੀ ਹੁੰਦੀ ਹੈ ਅਤੇ ਘਟਨਾਵਾਂ ਸਿਖਰ ਵੱਲ ਵਧਦੀਆਂ ਹਨ।ਗੁੰਝਲ ਸਮਾਪਤ ਹੋ ਜਾਣ ਉਪਰੰਤ ਕਹਾਣੀ ਥੱਲੇ ਡਿਗਦੀ ਹੈ ਅਤੇ ਉਸ ਦਾ ਅਚਨਚੇਤ ਅੰਤ ਹੋ ਜਾਂਦਾ ਹੈ। ਨਾਟਕ ਦੇ ਪਲਾਟ ਲਈ ਕੇਵਲ ਸੰਭਵ ਘਟਨਾਵਾਂ ਹੀ ਚੁਣੀਆਂ ਜਾਂਦੀਆਂ ਹਨ ਕਿਉਂਕਿ ਅਸੰਭਵ ਘਟਨਾਵਾਂ (ਜਿਵੇਂ ਕੀ ਪਰੀ ਦਾ ਉੱਡਣਾ, ਹਵਾ ਵਿਚ ਤਰਨਾ ਆਦਿ) ਰੰਗਮੰਚ ਤੇ ਪੇਸ਼ ਨਹੀਂ ਕੀਤੀਆਂ ਜਾ ਸਕਦੀਆਂ ਸਫਲ ਕਥਾਨਕ ਵਿਚ ਉਤਸੁਕਤਾ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ। ਜਿੱਥੇ ਨਾਵਲ ਦੇ ਪਲਾਟ ਵਿਚ ਵਧੇਰੇ ਖੁੱਲ ਮਿਲਦੀ ਹੈ ਉੱਥੇ ਨਾਟਕ ਦਾ ਪਲਾਟ ਅਜਿਹਾ ਚਾਹੀਦਾ ਹੈ ਜੋ ਕਹਾਣੀ ਦੀ ਚਾਲ ਨੂੰ ਅੱਗੇ ਲੈ ਕੇ ਜਾਂਦਾ ਹੋਵੇ ਅਤੇ ਘਟਨਾਵਾਂ ਦੀ ਲੜੀ ਵਿਚ ਕੋਈ ਖੱਪਾ ਨਾ ਆਉਣ ਦੇਵੇ। ਅਰਸਤੂ ਨੇ ਆਪਣੀ ਪੁਸਤਕ ਵਿਚ ਸਮਾਂ, ਸਥਾਨ ਅਤੇ ਕਾਰਜ ਸਬੰਧੀ ਤਿੰਨ ਏਕਤਾਵਾ ਦਾ ਜ਼ਿਕਰ ਕੀਤਾ ਹੈ। ਸਮੇਂ ਤੋਂ ਭਾਵ ਹੈ, ਕਿ ਘਟਨਾਵਾਂ ਇੱਕ ਹੀ ਸਮੇਂ ਵਿਚ ਹੀ ਵਾਪਰਨ, ਸਥਾਨ ਤੋਂ ਭਾਵ ਹੈ, ਕਿ ਘਟਨਾਵਾਂ ਇੱਕ ਹੀ ਸਥਾਨ ਤੇ ਵਾਪਰਨ ਅਰਥਾਤ ਕਿ ਘਟਨਾਵਾਂ ਆਪਣਾ ਸਥਾਨ ਨਾ ਬਦਲਣ ਅਤੇ ਕਾਰਜ ਦੀ ਏਕਤਾ ਤੋਂ ਭਾਵ ਹੈ, ਕਿ ਘਟਨਾਵਾਂ ਆਪਸ ਵਿਚ ਜੁੜੀਆਂ ਹੋਣ ਤੇ ਕਾਰਜ ਦੀ ਏਕਤਾ ਕਾਇਮ ਰੱਖਣ।

**ਪਾਤਰ**

ਪਾਤਰ ਕਿਸੇ ਵੀ ਸਾਹਿਤਕ ਰੂਪ-ਰਚਨਾ ਦਾ ਬਹੁਤ ਹੀ ਮਹੱਤਵਪੂਰਨ ਤੱਤ ਹੈ। ਨਾਟਕਕਾਰ ਪਾਤਰ ਦੇ ਕਾਰਜ ਰਾਹੀਂ ਪਾਤਰ ਉਸਾਰੀ ਕਰਦਾ ਹੈ।ਪਾਤਰਾਂ ਤੋਂ ਬਿਨਾਂ ਨਾਟਕ ਦੀ ਉਸਾਰੀ ਨਹੀਂ ਹੋ ਸਕਦੀ ਅਤੇ ਨਾਂ ਹੀ ਰੰਗਮੰਚ ਤੇ ਪੇਸ਼ਕਾਰੀ ਹੋ ਸਕਦੀ ਹੈ। ਅਰਸਤੂ ਨੇ ਪਲਾਟ ਤੋਂ ਬਾਅਦ ਨਾਟਕ ਦੀ ਬਣਤਰ ਦਾ ਦੂਸਰਾ ਤੱਤ ਪਾਤਰ ਉਸਾਰੀ ਮੰਨਿਆ ਹੈ। ਨਵਨਿੰਦਰਾ ਬਹਿਲ ਨਾਟਕ ਦੀ ਪਾਤਰ ਉਸਾਰੀ ਬਾਰੇ ਵਿਚਾਰ ਹਨ-

> "ਨਾਟਕ ਵਿਚ ਪਾਤਰ ਉਸਾਰੀ ਇੱਕ ਬਹੁਤ ਹੀ ਸੰਜਮਸ਼ੀਲ ਅਤੇ ਕਠਿਨ ਕਾਰਜ ਹੁੰਦਾ ਹੈ। ਇਸ ਵਿਚ ਨਾਟਕਕਾਰ ਪਾਤਰ ਨੂੰ ਉਸ ਦੇ ਕਾਰਜ ਰਾਹੀਂ ਹੀ ਸੰਪੂਰਨ ਵਿਅਕਤੀਤਵ ਪ੍ਰਦਾਨ ਕਰਦਾ ਹੈ ਅਤੇ ਉਸ ਦੀ ਸ਼ਖ਼ਸੀਅਤ ਨੂੰ ਚਿਤਵਦਾ ਹੈ। ਉਸ ਕੋਲ ਨਾਵਲਕਾਰ ਵਾਂਗ ਇਹ ਸਹੂਲੀਅਤ ਨਹੀਂ ਹੁੰਦੀ ਕਿ ਉਸ ਦੀ ਸ਼ਖ਼ਸੀਅਤ ਬਾਰੇ ਲੰਬਾ ਚੋਖਾ ਵਖਿਆਨ ਕਰ ਸਕੇ ਜਾਂ ਆਪਣੇ ਪਾਤਰ ਬਾਰੇ ਜਾਣਕਾਰੀ ਦੇ ਸਕੇ।[11]

ਨਾਟਕ ਦੀ ਗੋਂਦ ਵਿਚ ਪਾਤਰ ਅਹਿਮ ਭੂਮਿਕਾ ਅਦਾ ਕਰਦਾ ਹੈ। ਨਾਟਕ ਦਾ ਕਾਰਜ ਅਜਿਹੀਆਂ ਘਟਨਾਵਾਂ ਨਾਲ ਬੁਣਿਆ ਜਾਂਦਾ ਹੈ, ਜਿਹੜੀਆਂ ਕਿ ਪਾਤਰ ਕਿਸੇ ਨਾਟਕ ਵਿਚ ਅਭਿਨੈ ਕਰਦੇ ਹੋਏ ਅਦਾ ਕਰਦੇ ਹਨ, ਅਰਥਾਤ ਜੋ ਕਾਰਜ ਉਹ ਰੰਗ-ਮੰਚ ਤੇ ਕਰਦੇ ਹਨ, ਉਹ ਕਰਮ ਹੀ ਨਾਟਕ ਦੀ ਸਿਰਜਨਾ ਅਤੇ ਗੋਂਦ ਦੀ ਉਸਾਰੀ ਵਿਚ ਸਹਾਈ ਹੁੰਦੇ ਹਨ। ਨਾਟਕ ਵਿਚਲੇ ਪਾਤਰ ਕਈ ਤਰ੍ਹਾਂ

ਦੇ ਹੋ ਸਕਦੇ ਹਨ, ਜਿਨ੍ਹਾਂ ਨੂੰ ਵੱਖੋ-ਵੱਖ ਅਲੋਚਕਾਂ ਨੇ ਆਪਣੀ ਦ੍ਰਿਸ਼ਟੀਕੋਣ ਅਨੁਸਾਰ ਪੇਸ਼ ਕੀਤਾ ਹੈ। ਮੁੱਖ ਰੂਪ ਵਿਚ ਦੋ ਤਰ੍ਹਾਂ ਦੇ ਪਾਤਰ ਨਾਟਕ ਵਿਚ ਸ਼ਾਮਿਲ ਹੁੰਦੇ ਹਨ:-

ੳ. ਮੁੱਖ ਪਾਤਰ

ਅ. ਸਹਾਇਕ ਪਾਤਰ

ਮੁੱਖ ਪਾਤਰ ਉਹ ਹੁੰਦੇ ਹਨ ਜਿਹੜੇ ਨਾਟਕ ਦੇ ਕਾਰਜ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਸਹਾਇਕ ਪਾਤਰ ਮੁੱਖ ਪਾਤਰ ਦੇ ਕਾਰਜ ਦੀ ਪੇਸ਼ਕਾਰੀ ਵਿਚ ਸਹਾਈ ਹੁੰਦੇ ਹਨ। ਯੂਨਾਨੀ ਨਾਟਕ ਬਾਰੇ ਅਰਸਤੂ ਨੇ ਜੋ ਤਿੰਨ ਏਕਤਾਵਾਂ (ਸਮਾਂ, ਸਥਾਨ ਤੇ ਕਾਰਜ) ਦਾ ਜੋ ਸੰਕਲਪ ਪੇਸ਼ ਕੀਤਾ ਸੀ, ਉਸ ਨੂੰ ਸ਼ੇਕਸਪੀਅਰ ਨੇ ਪੂਰੇ ਤੌਰ ਤੇ ਨਿਭਾਇਆ ਹੈ, ਸਗੋਂ ਈਲੀਅਟ ਨੇ ਪਾਤਰ ਦੀ ਏਕਤਾ ਦਾ ਸੰਕਲਪ ਦੇ ਕੇ ਪਾਤਰ ਚਿਤਰਨ ਦੇ ਮਹੱਤਵ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਨਾਟਕ ਵਿਚ ਜਿੱਥੇ ਪੁਰਸ਼ ਪਾਤਰ ਨਾਇਕ, ਇਸਤਰੀ ਪਾਤਰ ਨਾਇਕਾ ਅਤੇ ਵਿਰੋਧੀ ਪਾਤਰ ਖਲਨਾਇਕ ਹੁੰਦਾ ਹੈ।

ਪ੍ਰਤੱਖ ਵਿਧੀ ਵਿਚ ਨਾਟਕਕਾਰ ਸਿੱਧੇ ਢੰਗ ਨਾਲ ਆਪਣੀ ਪਾਤਰਾਂ ਬਾਰੇ ਲਿਖਦਾ ਹੈ। ਭਾਵੇਂ ਇਹ ਨਾਟਕ ਲਈ ਬਹੁਤ ਹੀ ਸੀਮਤ ਵਿਧੀ ਹੈ ਪਰੰਤੂ ਨਾਟਕਕਾਰ ਕਿਸੇ ਪਾਤਰ ਦੇ ਸੁਭਾਅ, ਹੁਲੀਆ ਜਾਂ ਪੇਸ਼ੇ ਬਾਰੇ ਸਿੱਧੇ ਤੋਰ ਤੇ ਵਰਣਨ ਕਰਦਾ ਹੈ। ਦੂਸਰੇ ਢੰਗ ਨੂੰ ਅਪ੍ਰਤੱਖ ਢੰਗ ਕਿਹਾ ਜਾਂਦਾ ਹੈ। ਲੇਖਕ ਪਾਤਰਾਂ ਦੇ ਚਿਤਰਨ ਨੂੰ ਪੇਸ਼ ਕਰਨ ਲਈ ਕੋਈ ਸਾਧਨ ਨਹੀਂ ਅਪਣਾਉਂਦਾ ਤੇ ਸਹਿਜ ਰੂਪ ਵਿਚ ਕਹਾਣੀ ਵਿਚੋਂ ਪਾਤਰ ਉੱਭਰ ਕੇ ਸਾਡੇ ਸਾਹਮਣੇ ਆ ਜਾਂਦੇ ਹਨ।ਤੀਸਰਾ ਢੰਗ ਹੈ ਕਾਰਜ ਰਾਹੀਂ ਜਦੋਂ ਪਾਤਰ ਦੇ ਕੰਮ ਵਿਚੋਂ ਉਨ੍ਹਾਂ ਦਾ ਚਰਿੱਤਰ ਪ੍ਰਗਟ ਹੁੰਦਾ ਹੈ। ਭਾਵ ਉਹ ਜਿਸ ਤਰ੍ਹਾਂ ਦਾ ਕੰਮ ਕਰਨਗੇ, ਉਹੋ ਜਾ ਪ੍ਰਭਾਵ ਹੀ ਉਨ੍ਹਾਂ ਦੇ ਚਰਿੱਤਰ ਤੇ ਪੈਂਦਾ ਹੈ।ਜੋ ਬਹੁਤ ਹੀ ਵਾਸਤਵਿਕ ਜਾਪਦਾ ਹੈ। ਇਸੇ ਵਿਚ ਇੱਕ ਮਹੱਤਵਪੂਰਨ ਵਿਧੀ ਇਹ ਵੀ ਅਪਣਾਈ ਜਾਂਦੀ ਹੈ, ਕਿ ਦੂਸਰੇ ਪਾਤਰਾਂ ਦੀ ਆਪਣੀ ਗੱਲਬਾਤ ਵਿਚੋਂ ਕਿਸੇ ਪਾਤਰ ਦਾ ਚਰਿੱਤਰ ਉੱਭਰ ਕੇ ਸਾਹਮਣੇ ਆਉਂਦਾ ਹੈ। ਪਾਤਰ ਕਿਸੇ ਨਾਟਕ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ। ਕਈ ਵਾਰ ਸਮੁੱਚੇ ਨਾਟਕ ਦਾ ਪ੍ਰਭਾਵ ਵੀ ਕਿਸੇ ਇੱਕ ਪਾਤਰ ਦੇ ਚਰਿੱਤਰ ਤੇ ਆਧਾਰਿਤ ਹੁੰਦਾ ਹੈ। ਨਾਟਕ ਵਿਚ ਇੱਕ ਅਦਾਕਾਰ ਆਪਣਾ ਆਪਾ ਛਿਪਾ ਕੇ ਮੰਚ ਤੇ ਨਾਟਕ ਵਿਚਲੇ ਪਾਤਰ ਦੀ ਭੂਮਿਕਾ ਨਿਭਾਉਂਦਾ ਹੈ। ਇਸ ਪ੍ਰਕਾਰ ਉਹ ਦੋਹਰਾ ਜੀਵਨ ਹੰਢਾਉਂਦਾ ਹੈ। ਨਾਟਕ ਵਿਚ ਸੀਮਤ ਪਾਤਰਾਂ ਦੀ ਗਿਣਤੀ ਸਫ਼ਲ ਮੰਚੀ ਪੇਸ਼ਕਾਰੀ ਦੀ ਨਿਸ਼ਾਨੀ ਹੈ। ਇਸ ਤਰ੍ਹਾਂ ਨਾਟਕ ਵਿਚ ਪਾਤਰਾਂ ਦਾ ਇੱਕ ਰਿਸ਼ਤਾ ਸਥਾਪਿਤ ਹੋ ਜਾਂਦਾ ਹੈ। ਇਹ ਰਿਸ਼ਤਾ ਵਿਕਾਸ ਕਰਦਾ ਹੈ ਤੇ ਨਾਟਕ ਨੂੰ ਨਵਾਂ ਮਕਸਦ ਪ੍ਰਦਾਨ ਕਰਦਾ ਹੈ।

ਇੱਕ ਸਮੁੱਚੀ ਪਾਤਰ ਉਸਾਰੀ ਲਈ ਨਾਟਕਕਾਰ ਨੂੰ ਵਿਸ਼ਾਲ ਜੀਵਨ ਤਜਰਬੇ ਅਤੇ ਮਨੋਵਿਗਿਆਨ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਕਹਾਣੀ ਨੂੰ ਅੱਗੇ ਤੋਰਨ, ਸਿਖਰ ਅਤੇ ਅੰਤ ਤੱਕ ਪਹੁੰਚਾਉਣ ਲਈ ਪਾਤਰ ਨਾਟਕ ਦਾ ਅਹਿਮ ਤੱਤ ਹੈ।

### ਵਾਤਾਵਰਨ ਅਤੇ ਦ੍ਰਿਸ਼ ਵਰਣਨ

ਵਾਤਾਵਰਨ ਦ੍ਰਿਸ਼ ਅਤੇ ਲਿਖਤੀ ਪਾਠ ਦਾ ਮੁੱਖ ਤੱਤ ਹੈ। ਦ੍ਰਿਸ਼ ਵਰਣਨ ਅਜਿਹਾ ਤੱਤ ਹੈ, ਜਿਸ ਰਾਹੀਂ ਪਾਠਕ ਰੰਗਸ਼ਾਲਾ ਵਿਚ ਬੈਠਿਆਂ ਘਟਨਾਕ੍ਰਮ ਦੇ ਭਾਵਾਂ ਨੂੰ ਅਨੁਭਵ ਕਰਦਾ ਹੈ। ਨਾਟਕੀ ਦ੍ਰਿਸ਼ਾਂ ਵਿਚ ਕੁਦਰਤੀ ਦ੍ਰਿਸ਼, ਘਰ ਦਾ ਦ੍ਰਿਸ਼ ਆਦਿ ਅਜਿਹੇ ਢੰਗ ਨਾਲ ਪੇਸ਼ ਕੀਤੇ ਜਾਂਦੇ ਹਨ, ਕਿ ਉਹ ਅਸਲ ਵਰਗੇ ਪ੍ਰਤੀਤ ਹੁੰਦੇ ਹਨ। ਇਨ੍ਹਾਂ ਦੀ ਸਿਰਜਣਾ ਚਿੱਤਰਕਾਰੀ, ਵੇਲ-ਬੂਟੇ ਆਦਿ ਰਾਹੀਂ ਕੀਤੀ ਜਾਂਦੀ ਹੈ। ਦ੍ਰਿਸ਼ ਦਾ ਢੁਕਵਾਂ ਅਤੇ ਸੁਜੋੜ ਵਰਣਨ ਕਰਨਾ ਹੀ ਨਾਟਕਕਾਰ ਦੀ ਕਲਾ ਦਾ ਨਮੂਨਾ ਹੈ। ਦ੍ਰਿਸ਼ ਵਰਣਨ ਯਥਾਰਥ ਤਸਵੀਰ ਪ੍ਰਸਤੁਤੀ ਕਰਨ ਕਰ ਕੇ ਪਾਤਰਾਂ ਦੀ ਖਿੱਚ ਦਾ ਕੇਂਦਰ ਬਣਦਾ ਹੈ। ਇੱਕ ਚੰਗੇ ਵਾਤਾਵਰਨ ਦੀ ਉਸਾਰੀ ਨਾਟਕ ਕਲਾ ਦਾ ਇੱਕ ਜ਼ਰੂਰੀ ਅੰਗ ਹੈ। ਹਰ ਯੁੱਗ ਦਾ ਆਪਣਾ ਵੱਖਰਾ ਸਭਿਆਚਾਰ ਹੁੰਦਾ ਹੈ, ਜਿਸ ਵਿਚ ਉਸ ਦੇ ਰੀਤੀ ਰਿਵਾਜ, ਰਹਿਣ-ਸਹਿਣ ਆਦਿ ਵੱਖੋ ਵੱਖਰੇ ਹੁੰਦੇ ਹਨ। ਜਿਸ ਨੂੰ ਦੇਸ਼ ਕਾਲ ਦੇ ਅਨੁਸਾਰ ਆਰਥਿਕ, ਰਾਜਨੀਤਿਕ ਸਥਿਤੀਆਂ ਉੱਪਰ ਚਰਚਾ ਕੀਤੀ ਜਾਂਦੀ ਹੈ। ਜੇਕਰ ਅਜਿਹਾ ਨਾ ਕੀਤਾ ਜਾਵੇ ਤਾਂ ਨਾਟਕ ਦੇ ਵਾਤਾਵਰਨ ਨੂੰ ਸੱਟ ਪਹੁੰਚੇਗੀ, ਜਿਸ ਕਰ ਕੇ ਸਾਰਾ ਨਾਟਕੀ ਪ੍ਰਭਾਵ ਨਸ਼ਟ ਹੋ ਜਾਵੇਗਾ। ਮਸਲਨ ਵਜੋਂ ਮੱਧ ਕਾਲ ਤੇ ਆਧੁਨਿਕ ਸਮੇਂ ਨਾਲ ਸਬੰਧਿਤ ਪਾਤਰਾਂ ਦੇ ਪਹਿਰਾਵੇ ਵਿਚ ਵੱਖਰਤਾ ਦਾ ਗੁਣ ਹੋਣਾ ਲਾਜ਼ਮੀ ਹੈ, ਨਹੀਂ ਤਾਂ ਨਾਟਕ ਵਿਅੰਗ ਤੋਂ ਅੱਗੇ ਨਹੀਂ ਵੱਧ

ਸਕੇਗਾ। ਇਸ ਲਈ ਜ਼ਰੂਰੀ ਹੈ, ਕਿ ਨਾਟਕ ਵਿਚ ਦੇਸ਼ ਕਾਲ ਦੇ ਮੁਤਾਬਿਕ ਸਾਰਾ ਵਾਤਾਵਰਨ ਪੇਸ਼ ਕੀਤਾ ਜਾਵੇ ਤਾਂ ਜੋ ਨਾਟਕ ਦਾ ਥੀਮ ਅਸਲ ਵਾਂਗ ਪ੍ਰਤੀਤ ਹੋਵੇ ਤੇ ਪਾਤਰ ਵੀ ਕੁਦਰਤੀ ਰੂਪ ਵਿਚ ਉਸ ਯੁੱਗ ਦੇ ਰਹਿਣ ਵਾਲੇ ਜਾਪਣ।

**ਵਾਰਤਾਲਾਪ**

ਵਾਰਤਾਲਾਪ ਨਾਟਕ ਦਾ ਅਹਿਮ ਤੱਤ ਹੈ, ਇਸ ਦਾ ਅਰਥ ਹੈ। ਉਹ ਸ਼ਬਦ ਜੋ ਅਦਾਕਾਰ ਮੰਚ ਉੱਤੇ ਬੋਲਦਾ ਹੈ।ਜਿਸ ਦੀ ਸਿਰਜਣਾ ਨਾਟਕਕਾਰ ਦੀ ਕਲਾ ਕੁਸ਼ਲਤਾ ਦਾ ਨਮੂਨਾ ਹੈ। ਜਿਸ ਰਾਹੀਂ ਪਾਤਰ ਉਸਾਰੀ ਵਿਚ ਨਿਖਾਰ ਅਤੇ ਵਿਸ਼ੇ ਵਿਚ ਸਪਸ਼ਟਤਾ ਆਉਂਦੀ ਹੈ, ਘਟਨਾਵਾਂ ਦੀ ਲੜੀ ਅੱਗੇ ਤੁਰਦੀ ਹੈ, ਪਾਤਰਾਂ ਦਾ ਚਿਤਰਨ ਅਤੇ ਸਰੂਪ ਸਪਸ਼ਟ ਹੁੰਦਾ ਹੈ।ਵਾਰਤਾਲਾਪ ਸਿੱਧੇ ਰੂਪ ਵਿਚ ਦਰਸ਼ਕਾਂ ਤੱਕ ਪਹੁੰਚਦੀ ਹੈ, ਇਸ ਲਈ ਭਾਸ਼ਾ ਦੀ ਸਪਸ਼ਟਤਾ ਅਤੇ ਸਾਦਗੀ ਇਸ ਦਾ ਮੁੱਖ ਗੁਣ ਹੁੰਦਾ ਹੈ ਵਾਰਤਾਲਾਪ ਬਾਰੇ ਗੁਰਦਿਆਲ ਸਿੰਘ ਫੁੱਲ ਲਿਖਦਾ ਹੈ:

> "ਵਾਰਤਾਲਾਪ ਸਿਰਜਨਾ ਇੱਕ ਸ਼ਿਲਪ ਹੈ, ਨਾਟਕਕਾਰ ਪਹਿਲਾਂ ਸ਼ਬਦ ਜੀਵਨ ਵਿਚੋਂ ਲੈਂਦਾ ਹੈ, ਜਾਂ ਕੁੱਝ ਨਵੇਂ ਸ਼ਬਦ ਆਪ ਸਿਰਜਦਾ ਹੈ ਫੇਰ ਸ਼ਬਦਾਂ ਨੂੰ ਆਪਣੇ ਚਿੱਤਵੇ ਵਿਸ਼ੇ ਅਨੁਸਾਰ ਸਿਰਜੇ ਜਾ ਰਹੇ ਪਾਤਰ ਅਨੁਸਾਰ ਉਨ੍ਹਾਂ ਨੂੰ ਤਰਤੀਬ ਦਿੰਦਾ ਹੈ ਤੇ ਆਪਣੀ ਪਾਤਰਾਂ ਦੇ ਸੁਭਾਅ ਸੋਚ, ਸਥਿਤੀ ਤੇ ਨਾਟਕੀ ਟੱਕਰ ਅਨੁਸਾਰ ਉਨ੍ਹਾਂ ਦੇ ਮੂੰਹ ਵਿਚ ਪਾਉਂਦਾ ਹੈ। ਇਉਂ ਨਾਟਕਕਾਰ ਆਪਣੇ ਵਾਰਤਾਲਾਪ ਉੱਤੇ ਐਨੀ ਮਿਹਨਤ ਕਰਦਾ ਹੈ।"[12]

ਇਸ ਦਾ ਭਾਵ ਇਹ ਹੈ ਕਿ ਨਾਟਕੀ ਵਾਰਤਾਲਾਪ ਦਾ ਹਰ ਸ਼ਬਦ, ਹਰ ਵਿਸ਼ਰਾਮ ਤੇ ਹਰ ਅਰਥ ਅਦਾਕਾਰ ਨੂੰ ਅਭਿਨੈ ਕਰਨ ਲਈ ਬੜੇ ਹੀ ਸਜੀਵ ਸੰਕੇਤ ਦਿੰਦਾ ਹੈ। ਵਾਰਤਾਲਾਪ ਦੇ ਸ਼ਬਦ ਜੀਵਨ ਵਿਚੋਂ ਲਏ ਹੁੰਦੇ ਹਨ।ਵਾਰਤਾਲਾਪ ਇੱਕ ਸਮੂਹਿਕ ਕਿਰਿਆ ਹੈ, ਦੋ ਜਾਂ ਦੋ ਤੋਂ ਵੱਧ ਪਾਤਰਾਂ ਦੇ ਆਪਸੀ ਸੰਵਾਦ ਨੂੰ ਵਾਰਤਾਲਾਪ ਦਾ ਨਾਂ ਦਿੱਤਾ ਜਾਂਦਾ ਹੈ। ਵਾਰਤਾਲਾਪ ਰਾਹੀਂ ਪਾਤਰਾਂ ਵਿਚ ਟਕਰਾਓ ਤੇ ਦਰਸ਼ਕਾਂ ਵਿਚ ਰਾਬਤਾ ਕਾਇਮ ਹੁੰਦਾ ਹੈ।ਨਾਟਕ ਜ਼ਿੰਦਗੀ ਦੇ ਯਥਾਰਥ ਨੂੰ ਚਿਤਰਦਾ ਹੈ, ਇਸ ਲਈ ਵਾਰਤਾਲਾਪ ਵਿਚ ਬਣਾਉਟੀਪਣ ਦੀ ਥਾਂ ਸਵਾਵਿਕਤਾ ਦਾ ਅੰਸ਼ ਹੋਣਾ ਜ਼ਰੂਰੀ ਹੈ।ਅਜਿਹਾ ਨਾ ਹੋਣ ਦੀ ਸੂਰਤ ਵਿਚ ਦਰਸ਼ਕ ਅਕੇਵਾਂ ਮਹਿਸੂਸ ਕਰਨ ਲਗਦੇ ਹਨ, ਅਤੇ ਨਾਟਕ ਰਸਹੀਣ ਹੋ ਜਾਂਦਾ ਹੈ। ਨਾਟਕੀ ਵਾਰਤਾਲਾਪ ਨਾਟਕ ਦੀ ਤਾਸੀਰ, ਨਾਟਕ ਦੀ ਟੱਕਰ, ਨਾਟਕੀ ਵਾਤਾਵਰਨ ਅਤੇ ਨਾਟਕੀ ਭਾਵਾਂ ਤੇ ਹੀ ਨਿਰਭਰ ਹੁੰਦਾ ਹੈ।

**ਭਾਸ਼ਾ ਅਤੇ ਸ਼ੈਲੀ**

ਮਨੁੱਖੀ ਮਨ ਦੇ ਭਾਵਾਂ ਨੂੰ ਜਿਸ ਮਾਧਿਅਮ ਨਾਲ ਪ੍ਰਗਟਾਇਆ ਜਾਂਦਾ ਹੈ, ਉਸ ਨੂੰ ਭਾਸ਼ਾ ਕਹਿੰਦੇ ਹਨ।ਬੋਲੀ ਦੇ ਫ਼ਰਕ ਨਾਲ ਅਸੀਂ ਮੰਚ ਤੇ ਸ਼ੋਕ, ਹਾਸਾ, ਨਫ਼ਰਤ ਆਦਿ ਭਾਵਾਂ ਵਿਚ ਪੇਸ਼ ਕਰ ਸਕਦੇ ਹਾਂ। ਨਾਟਕ ਵਿਚ ਵੱਖੋ-ਵੱਖਰੇ ਇਲਾਕਿਆਂ ਵਿਚਲੇ ਪਾਤਰਾਂ ਦੀਆਂ ਪਰਿਸਥਿਤੀਆਂ ਨੂੰ ਭਾਸ਼ਾ ਦੇ ਪੱਧਰ ਤੇ ਹੀ ਪਛਾਣਿਆ ਜਾ ਸਕਦਾ ਹੈ। ਸਰਲਤਾ ਤੇ ਸਪਸ਼ਟਤਾ ਚੰਗੀ ਭਾਸ਼ਾ ਦੇ ਗੁਣ ਹਨ।ਅਸ਼ਲੀਲ ਸ਼ਬਦਾਵਲੀ ਦੀ ਵਰਤੋਂ ਜਿੱਥੇ ਨਾਟਕ ਦੇ ਪ੍ਰਭਾਵ ਨੂੰ ਘਟਾਉਂਦੀ ਹੈ, ਉੱਥੇ ਮੁਹਾਵਰੇਦਾਰ ਭਾਸ਼ਾ ਨਾਟਕ ਦੇ ਪ੍ਰਭਾਵ ਨੂੰ ਵਧਾਉਂਦੀ ਹੈ। ਅਲੰਕਾਰਾਂ ਦੀ ਵਰਤੋਂ ਸੰਜਮਮਈ ਹੋਣੀ ਚਾਹੀਦੀ ਹੈ, ਕਿਉਂਕਿ ਇਹ ਰਚਨਾ ਨੂੰ ਪਹਿਨਾਉਣ ਵਾਲੇ ਗਹਿਣੇ ਹਨ। ਇਸ ਲਈ ਇਨ੍ਹਾਂ ਦੀ ਸੀਮਤ ਵਰਤੋਂ ਨਾਲ ਹੀ ਨਾਟਕ ਦੀ ਸੁੰਦਰਤਾ ਨੂੰ ਨਸ਼ਟ ਹੋਣ ਤੋਂ ਬਚਾਇਆ ਜਾ ਸਕਦਾ ਹੈ। ਹਰ ਇੱਕ ਲੇਖਕ ਦਾ ਆਪਣਾ ਲਿਖਣ ਢੰਗ ਹੁੰਦਾ ਹੈ। ਇਹ ਢੰਗ ਉਸ ਨੂੰ ਦੂਸਰੇ ਨਾਲੋਂ ਨਿਸ਼ਚਿਤ ਅੰਤਰ ਤੇ ਪਹੁੰਚਾ ਦਿੰਦਾ ਹੈ। ਸ਼ੈਲੀ ਦਾ ਰੂਪ ਨਾਟਕ ਦੇ ਹਰ ਤੱਤ ਵਿਚ ਮੌਜੂਦ ਹੁੰਦਾ ਹੈ ਕਿ ਉਸ ਤੱਤ ਨੂੰ ਕਿਸ ਤਰ੍ਹਾਂ ਪੇਸ਼ ਕੀਤਾ ਜਾਵੇ। ਗੁਰਦਿਆਲ ਸਿੰਘ ਫੁੱਲ ਲਿਖਦਾ ਹੈ ਕਿ:-

> "ਨਾਟਕ ਦੇ ਵਾਰਤਾਲਾਪ ਦੀ ਸ਼ੈਲੀ ਦਾ ਇਹ ਭਾਵ ਹੈ ਕਿ ਲਿਖਾਰੀ ਨੇ ਕਿwਥੋਂ ਤਕ ਨਾਟਕ ਦੇ ਵਿਸ਼ੇ ਤੇ ਨਾਟਕੀ ਟੱਕਰ ਦੇ ਅਨੁਸਾਰ ਸ਼ਬਦ ਚੁਣ ਕੇ ਵਿਉਂਤੇ ਹਨ, ਤੇ ਪਾਤਰ ਦੇ ਮੂੰਹ ਵਿਚ ਪਾਏ ਹਨ, ਜੋ ਉਸ ਨੇ ਆਪਣੇ ਜਾਪਣ ਤੇ ਪਾਤਰ ਦੇ ਅੰਦਰੋਂ ਸਹਿਜ ਸੁਭਾਅ ਨਿਕਲਣ। ਨਾਟਕਕਾਰ ਜਿਵੇਂ ਵੱਖ-ਵੱਖ ਨਾਟਕੀ ਸਥਿਤੀਆਂ ਵਿਚ ਪਾਤਰਾਂ ਨੂੰ ਬੋਲ ਬਖ਼ਸ਼ ਸਕਿਆ ਹੈ, ਉਹ ਸ਼ਬਦਾਂ ਨੂੰ ਕਿਵੇਂ ਮਘਾ ਕੇ ਟਕਰਾਅ ਸਕਿਆ ਹੈ, ਕਿਵੇਂ ਵਾਕ ਤੋੜ ਕੇ ਵਾਕ ਨੂੰ ਨਾਟਕੀ ਬਣਾ ਸਕਿਆ ਹੈ। ਬੋਲੀ ਤੇ ਸ਼ੈਲੀ ਦਾ ਉਸਤਾਦ ਨਾਟਕਕਾਰ ਵੱਖ-ਵੱਖ ਸਥਿਤੀਆਂ ਵਿਚ ਵੱਖ-ਵੱਖ ਭਾਂਤ ਦੇ ਸ਼ਬਦਾਂ ਦੀ ਲੀਲ੍ਹਾ ਵਿਖਾ

ਸਕਦਾ ਹੈ।"[13]

ਨਾਟਕ ਵਿਚ ਸ਼ਬਦਾਂ ਦੀ ਸਮੁੱਚੀ ਤੇ ਵਿਸ਼ੇ ਅਨੁਕੂਲ ਵਰਤੋਂ ਨਾਟਕਕਾਰ ਨੂੰ ਉੱਤਮ ਕਲਾ ਦਾ ਦਰਜਾ ਦਿਵਾਉਣ ਵਿਚ ਸਹਾਈ ਹੁੰਦੀ ਹੈ। ਮਨੁੱਖੀ ਭਾਵਨਾਵਾਂ ਦੀ ਪ੍ਰਦਰਸ਼ਨੀ ਨਾਟਕਕਾਰ ਸ਼ਬਦਾਂ ਰਾਹੀਂ ਕਰਦਾ ਹੈ ਜਿਸ ਤਰਾਂ ਕੋਈ ਬੁੱਤ ਸਾਜੀ ਬੁੱਤ ਨੂੰ ਤਰਾਸ਼ਦਾ ਹੈ, ਜਿਵੇਂ ਕੋਈ ਚਿੱਤਰਕਾਰ ਬੁਰਸ਼ ਛੋਹਾਂ ਨਾਲ ਆਪਣੇ ਚਿੱਤਰ ਨੂੰ ਸ਼ਿੰਗਾਰਦਾ ਹੈ। ਇਸ ਤਰ੍ਹਾਂ ਹੀ ਨਾਟਕਕਾਰ ਸ਼ਬਦਾਂ ਨੂੰ ਤਰਾਸ਼ਦਾ, ਸ਼ਿੰਗਾਰਦਾ ਤੇ ਢੁਕਵੀਂ ਸ਼ੈਲੀ ਬਣਾਉਣ ਵਿਚ ਕਾਮਯਾਬ ਹੁੰਦਾ ਹੈ।

ਭਾਰਤੀ ਨਾਟਕ ਅਨੁਸਾਰ ਨਾਟਕ ਦੇ ਤਿੰਨ ਤੱਤ ਅਤੇ ਪੱਛਮੀ ਨਾਟਕ ਦੇ ਛੇ ਤੱਤ ਹਨ, ਪਰ ਪੱਛਮੀ ਨਾਟਕ ਦੇ ਇਨ੍ਹਾਂ ਛੇ ਤੱਤਾਂ ਦਾ ਸਾਰ ਭਾਰਤੀ ਨਾਟਕ ਦੇ ਤਿੰਨ ਤੱਤਾਂ ਵਿਚ ਸਮੋਇਆ ਹੋਇਆ ਹੈ। ਇਨ੍ਹਾਂ ਦੋਵੇਂ ਪਰੰਪਰਾਵਾਂ ਨੇ ਆਪਣੇ ਆਧਾਰ ਤੇ ਨਾਟਕ ਦੇ ਨਾਟ ਸ਼ਾਸਤਰ ਦੀ ਸਿਰਜਣਾ ਕੀਤੀ। ਪਰ ਸਮੇਂ ਦੇ ਪ੍ਰਵਾਹ ਨਾਲ ਮੱਧਕਾਲ ਵਿਚ ਭਾਰਤੀ ਨਾਟਕ ਹੋਂਦ ਗਵਾ ਗਿਆ। ਇਸ ਤਰ੍ਹਾਂ ਆਧੁਨਿਕ ਸਮੇਂ ਵਿਚ ਪੱਛਮੀ ਪ੍ਰਭਾਵ ਅਧੀਨ ਸੰਸਕ੍ਰਿਤ ਨਾਟਕ ਦਾ ਆਧੁਨਿਕ ਭਾਰਤੀ ਨਾਟਕ ਤੇ ਕੋਈ ਪ੍ਰਭਾਵ ਨਹੀਂ ਹੈ, ਅਜੋਕਾ ਨਾਟਕ ਪੱਛਮੀ ਪਰੰਪਰਾ ਦਾ ਅਨੁਸਰਨ ਕਰਦਾ ਹੈ। ਪੱਛਮੀ ਨਾਟ ਵਿਧੀਆਂ ਅਜੋਕੇ ਨਾਟਕ ਵਿਚ ਇੰਨ-ਬਿੰਨ ਲਾਗੂ ਹਨ। ਸਾਡੇ ਕੋਲ ਅਜੇ ਤੱਕ ਆਪਣੇ ਨਾਟ ਸ਼ਾਸਤਰ ਦੀ ਅਣਹੋਂਦ ਹੈ। ਇਸ ਕਰ ਕੇ ਅਸੀਂ ਪੱਛਮੀ ਨਾਟਕ ਤੇ ਆਧਾਰਿਤ ਹਾਂ।

***ਹਵਾਲੇ/ਟਿੱਪਣੀਆਂ***


1. *ਪ੍ਰੇਮ ਪ੍ਰਕਾਸ਼ ਸਿੰਘ (ਡਾ.), ਸਹਿਤ ਚਰਚਾ, ਪੈਪਸੂ ਬੁੱਕ ਡਿਪੂ, ਪਟਿਆਲਾ, 1975, ਪੰਨਾ-6*
2. *ਕੁਲਬੀਰ ਸਿੰਘ ਕਾਂਗ (ਡਾ.), ਆਧੁਨਿਕ ਸਹਿਤ ਸਿਧਾਂਤ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1981, ਪੰਨਾ-66*
3. *ਹਰਚਰਨ ਸਿੰਘ (ਡਾ.), ਨਾਟਕ ਤੇ ਰੰਗਮੰਚ ਅਤੇ ਹੋਰ ਲੇਖ, ਪੈਪਸੂ ਬੁੱਕ ਡਿਪੂ, ਪਟਿਆਲਾ, 1972, ਪੰਨਾ-14*
4. *ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ : ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ-3*
5. *ਉਹੀ, ਪੰਨਾ-4*
6. *ਪਿਆਰਾ ਸਿੰਘ, ਪੰਜਾਬੀ ਨਾਟਕ ਤੇ ਰੰਗ ਮੰਚ ; ਸਿਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ, ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ, 1989, ਪੰਨਾ-5*
7. *ਜਗੀਰ ਸਿੰਘ, ਨਾਟਕ ਤੇ ਰੰਗਮੰਚ, ਪੰਜਾਬੀ ਰਾਈਟਰਜ਼, ਲੁਧਿਆਣਾ, 1994, ਪੰਨਾ-12*
8. *ਪਿਆਰਾ ਸਿੰਘ, ਪੰਜਾਬੀ ਨਾਟਕ ਤੇ ਰੰਗ ਮੰਚ ; ਸਿਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ, ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ, 1989, ਪੰਨਾ-4*
9. *ਉਧਰਿਤ, ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ : ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1988, ਪੰਨਾ-25*
10. *ਨਵਨਿੰਦਰਾ ਬਹਿਲ, ਨਾਟਕੀ ਸਾਹਿਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1991, ਪੰਨਾ-29*
11. *ਉਹੀ, ਪੰਨਾ-30*
12. *ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ:ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ-86*
13. *ਉਹੀ, ਪੰਨਾ-99*